**CLASS : 10th (Secondary)** **Code No. 109**

**Series : Sec/Annual-2023**

*Roll No.* | | | | | | | | | | |

***SET : A***

# ਪੰਜਾਬੀ

## PUNJABI

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੈਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



Downloaded from cclchapter.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਸ਼ੁੱਧ ਸ਼ਬਦ ਚੁਣੋ :

(ੳ) ਦੁੱਦ

(ਅ) ਦਾਂਤ

(ੲ) ਕਹਾਣੀਕਾਰ

(ਸ) ਜਲੰਧਰ

(ii) ਗਰੀਬਾਂ ਰੱਖੇ .........., ਦਿਨ ਵੱਡੇ ਆਏ। ਅਖਾਣ ਪੂਰੀ ਕਰੋ :

(ੳ) ਵਿਆਹ (ਅ) ਮੇਲੇ

(ੲ) ਪਾਠ (ਸ) ਰੋਜ਼ੇ

(iii) ਤੁਹਾਡੀ ਆਵਾਜ਼ ਵਿਚ ਬਹੁਤ ਮਿਠਾਸ ਹੈ। ਵਾਕ ਵਿਚ 'ਮਿਠਾਸ' ਸ਼ਬਦ ਹੈ :

(ੳ) ਭਾਵਵਾਚਕ ਨਾਂਵ

(ਅ) ਆਮ ਨਾਂਵ

(ੲ) ਖ਼ਾਸ ਨਾਂਵ

(ਸ) ਪੁਰਖਵਾਚਕ ਪੜਨਾਂਵ



Downloaded from cclchapter.com

(iv) ਜਿਹੜੇ ਸ਼ਬਦ ਨਾਂਵ ਦੀ ਥਾਂ 'ਤੇ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਕਿਹਾ ਜਾਂਦਾ ਹੈ :

(ੳ) ਪੜਨਾਂਵ

(ਅ) ਨਾਂਵ

(ੲ) ਪੁਰਖਵਾਚਕ ਪੜਨਾਂਵ

(ਸ) ਕਿਰਿਆ

**2.** (i) ਲਵਪ੍ਰੀਤ ਬੇਈਮਾਨ ਹੈ। (ਨਾਂਹ-ਵਾਚਕ ਵਾਕ ਬਣਾਓ) 1

(ii) ਆਪਣਾ ਨਾਮ ਦੱਸੋ। (ਪ੍ਰਸ਼ਨ ਵਾਚਕ ਵਾਕ ਬਣਾਓ) 1

(iii) ਨਿਸ਼ਾ ਕਿਤਾਬ ਪੜ੍ਹਦੀ ਹੈ। ('ਕਿਤਾਬ' ਸ਼ਬਦ ਦੀ ਪਦਵੰਡ ਕਰੋ) 1

(iv) 'ਬੇ' ਅਗੇਤਰ ਤੋਂ ਇਕ ਸ਼ਬਦ ਬਣਾਓ। 1

**3.** ਹੁਣ ਹੈ ਪਾਕਿਸਤਾਨ ਵਿਚ ਚੱਕ ਹਮੀਦਾਂ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਕਾਸ਼ ਮੈਂ ਚਾਰ ਸੋ ਮੀਟਰ ਨਾ ਦੌੜਦਾ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਕੰਨ ਖੜੇ ਹੋਣਾ

(ii) ਦਿਲ ਖੱਟਾ ਹੋਣਾ



Downloaded from cclchapter.com

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਲੰਡਨ ਬੜਾ ਵੱਡਾ ਸ਼ਹਿਰ ਹੈ। ਪਰ ਏਥੇ ਜੇ ਤੁਹਾਡਾ ਕੋਈ ਦੋਸਤ ਨਾ ਹੋਵੇ ਤਾਂ ਤੁਸੀਂ ਬਹੁਤ ਇੱਕਲੇ ਤੇ ਉਦਾਸੀ ਮਹਿਸੂਸ ਕਰ ਸਕਦੇ ਹੋ। ਅੰਗਰੇਜ ਲੋਕ ਤਬੀਅਤ ਦੇ ਠੰਡੇ ਹਨ ਤੇ ਮਿਲਣਸਾਰ ਨਹੀਂ। ਗੁਆਂਢੀ-ਗੁਆਂਢੀ ਨੂੰ ਨਹੀਂ ਜਾਣਦਾ ਅਤੇ ਬਗ਼ੈਰ ਸੱਦੇ ਕੋਈ ਕਿਸੇ ਦੇ ਘਰ ਨਹੀਂ ਜਾਂਦਾ। ਬੱਸਾਂ, ਗੱਡੀਆਂ ਵਿਚ ਦੇਖੋ ਇਕ ਅੰਗਰੇਜ਼ ਦੂਸਰੇ ਅੰਗਰੇਜ਼ ਨਾਲ ਗੱਲ ਨਹੀਂ ਕਰਦਾ ਅਤੇ ਹਰ ਇਕ ਦੇ ਮੂੰਹ ਅੱਗੇ ਅਖ਼ਬਾਰ ਹੁੰਦੀ ਹੈ। ਸਾਡੇ ਪੰਜਾਬੀਆਂ ਦੀ ਇਕ ਦੂਸਰੇ ਨਾਲ ਗੱਲ ਕਰਨ ਦੀ ਆਦਤ ਹੈ ਤੇ ਸਾਨੂੰ ਇਕ ਦੋ ਦਿਨ ਗੱਪਾਂ ਮਾਰਨ ਦਾ ਮੌਕਾ ਨਾ ਮਿਲੇ ਤਾਂ ਅਸੀਂ ਉਦਾਸ ਹੋ ਜਾਂਦੇ ਹਾਂ। ਦੂਸਰੇ ਇੱਥੋ ਦੀ ਆਬੋ-ਹਵਾ ਵੀ ਖਰਾਬ ਹੈ। ਕਈ ਮਹੀਨੇ ਤਾਂ ਅਸਮਾਨ ਭੂਰੇ ਜਿਹੇ ਬੱਦਲਾਂ ਨਾਲ ਢੱਕਿਆ ਰਹਿੰਦਾ ਹੈ।

(i) ਲੰਡਨ ਦੀ ਆਬੋ-ਹਵਾ ਕਿਹੋ ਜਿਹੀ ਹੈ? 1

(ii) ਪੰਜਾਬੀ ਕਦੋਂ ਉਦਾਸ ਹੋ ਜਾਂਦੇ ਹਨ? 2

(iii) ਅੰਗਰੇਜ਼ ਲੋਕ ਤਬੀਅਤ ਦੇ ਕਿਹੋ ਜਿਹੇ ਹਨ? 2

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ 'ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਨਾਨਕ ਦੇਵ ਜੀ

(ii) ਖੇਡਾਂ ਦਾ ਮਹੱਤਵ

(iii) ਵਿਸ਼ਾਖੀ ਦਾ ਮੇਲਾ

(iv) ਵਾਤਾਵਰਣ ਪ੍ਰਦੂਸ਼ਣ

(v) ਟੈਬਲੇਟ ਦੇ ਲਾਭ ਤੇ ਹਾਨੀਆਂ

**8.** ਸ਼ਹਿਰ ਵਿਚ ਵਧ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਪੁਲਿਸ ਕਮਿਸ਼ਨਰ ਨੂੰ ਬੇਨਤੀ-ਪੱਤਰ ਲਿਖੋ। 5

**ਜਾਂ**

ਕਿਸੇ ਪੁਸਤਕ ਵਿਕਰੇਤਾ ਨੂੰ ਕੁਝ ਪੁਸਤਕਾਂ ਵੀ. ਪੀ. ਪੀ. ਦੁਆਰਾ ਭੇਜਣ ਲਈ ਪੱਤਰ ਲਿਖੋ।



Downloaded from cclchapter.com

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਮਿੱਤਰਾਂ ਦੀ ਮਿਜ਼ਮਾਨੀ ਖ਼ਾਤਰ।
ਦਿਲ ਦਾ ਲਹੂ ਛਾਣੀਦਾ।।
ਕੱਢਿ ਕਲੇਜਾ ਕੀਤਮ ਬੇਰੇ,
ਸੋ ਭੀ ਲਾਇਕ ਨਹੀਂ ਤੇਰੇ।
ਹੋਰੁ ਤਉਫ਼ੀਕ ਲਹੀਂ ਕਿਛੁ ਮੇਰੇ,
ਪੀਉ ਕਟੋਰਾ ਪਾਣੀ ਦਾ।

**ਜਾਂ**

ਏ. ਸੀ. ਕੂਲਰਾਂ ਦੇ ਹੁਣ ਹੋ ਗਏ ਮੁਥਾਜ ਨੇ,
ਜਿਹੜੀਆਂ ਜਵਾਨਾਂ ਹਿੱਕਾਂ ਲੂਆਂ 'ਚ ਸੀ ਤਾਣੀਆਂ।

ਨੌਂ-ਨੌਂ ਇੰਚ ਗੱਦਿਆਂ ਤੇ ਹੁੰਦੀਆਂ ਨਸੀਬ ਨਾ,
ਨੀਂਦਰਾਂ ਜੋ ਦਿੰਦੀਆਂ ਸੀ ਮੰਜੀਆਂ ਅਲਾਣੀਆਂ।

(ii) ਰੁੱਖ ਮਨੁਖੀ ਜੀਵਨ ਲਈ ਸਮਰਪਿਤ ਹਨ? ਇਸ ਕਥਨ ਦੀ ਪੁਸ਼ਟੀ ਕਰੋ। 3

(iii) ਦੱਸ ਗੁਰੂਆਂ ਨੇ ਕਿਹੜੀ ਜੋਤ ਬਾਲੀ? 1

**10.** (i) ਮੁੰਡ੍ਹੀਰ ਤੋਂ ਕੀ ਭਾਵ ਹੈ? ਇਹ ਕਿੱਥੇ ਜਾਣ ਲਈ ਰੇਸ ਲਾਉਂਦੀ ਹੈ? 3

(ii) ਗੂੜ੍ਹੀ ਨੀਂਦ ਸੌਣ ਨਾਲ ਕੀ ਹੁੰਦਾ ਹੈ? 3

(iii) ਲੋਕ ਗੀਤ ਕਿਸ ਨੂੰ ਕਿਹਾ ਜਾਂਦਾ ਹੈ? 2

(iv) ਲੇਖਕ ਨਾਲ ਕੁੜੀਆਂ ਦਾ ਕਾਫ਼ਲਾ ਕਿਸ ਵਾਦੀ ਵਲ ਜਾ ਰਿਹਾ ਸੀ? 1



Downloaded from cclchapter.com

**11.** (i) 'ਈਅਰ ਫ਼ੋਨ' ਕਹਾਣੀ ਵਿਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ? ਇਸ ਬਾਰੇ ਵਿਸਤਾਰ ਸਹਿਤ ਦੱਸੋ। 3

(ii) ਕਹਾਣੀ ਦੀ ਪਾਤਰ ਰਜਨੀ ਦੇ ਕਿਰਦਾਰ ਦਾ ਤੁਹਾਡੇ ਉੱਪਰ ਕੀ ਅਸਰ ਹੋਇਆ? 3

(iii) ਦੋਵਾਂ ਗੁਆਂਢਣਾਂ ਵਿਚ ਅਣਬਣ ਦਾ ਕੀ ਕਾਰਨ ਸੀ? 2

(iv) ਰੋਹਿਤ ਨੂੰ ਕਿਹੜੀ ਸਵਾਰੀ ਕਰਕੇ ਮਜਾ ਆ ਰਿਹਾ ਸੀ? 1

**12.** (i) 'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਕਰੋ। 5

**ਜਾਂ**

ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ।

(ii) ਕੋਤਵਾਲ ਆਦਮੀ ਨੂੰ ਕਿਉਂ ਮਾਰਦਾ ਹੈ ਤੇ ਰਾਜਾ ਕੋਤਵਾਲ ਸਾਹਮਣੇ ਆਪਣੇ ਆਪ ਨੂੰ ਕੀ ਦਸਦਾ ਹੈ? 3

(iii) ਗਿਰਝ ਕਿਸ ਦੇ ਸਾਥੀ ਨੂੰ ਖਾ ਗਈ? 1

(iv) 'ਰਾਜਿਆ ਰਾਜ ਕਰੇਂਦਿਆ' ਇਕਾਂਗੀ ਕਿਸ ਦੀ ਰਚਨਾ ਹੈ? 1

**13.** (i) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਬਾਰੇ ਲਿਖੋ। 3

(ii) ਦੇਸ਼ ਦੀ ਤਰੱਕੀ ਲਈ ਡਾ॰ ਅਬਦੁਲ ਕਲਾਮ ਨੇ ਕਿਨ੍ਹਾਂ ਚੀਜ਼ਾਂ ਨੂੰ ਜ਼ਰੂਰੀ ਦੱਸਿਆ? 3

(iii) ਨਾਨਕ ਸਿੰਘ ਦੇ ਕੋਈ ਦੋ ਨਾਵਲ ਲਿਖੋ। 2

(iv) ਮਿਲਖਾ ਸਿੰਘ ਕਿਹੜੀ ਦੌੜ ਹਾਰਨ ਕਾਰਨ ਉਦਾਸ ਹੋ ਗਿਆ? 1

**14.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ 'ਚ ਹਿੱਸਾ ਲਿਆ?

(ੳ) 70 (ਅ) 82

(ੲ) 79 (ਸ) 85



Downloaded from cclchapter.com

(ii) ਵੰਦਨਾ ਕਿਸ ਕਹਾਣੀ ਦੀ ਪਾਤਰ ਹੈ?

(ੳ) ਦੁਸ਼ਮਣੀ

(ਅ) ਈਅਰਫੋਨ

(ੲ) ਨਾਨੀ ਦਾ ਪਿਆਰ

(ਸ) ਇਕ ਸਧਾਰਨ ਆਦਮੀ

(iii) ਮਾਸੀ ਕਿਸ ਨੂੰ ਕਿਹਾ ਗਿਆ ਹੈ?

(ੳ) ਉਰਦੂ ਨੂੰ

(ਅ) ਪੰਜਾਬੀ ਨੂੰ

(ੲ) ਹਿੰਦੀ ਨੂੰ

(ਸ) ਵਿਦੇਸ਼ੀ ਨੂੰ

(iv) ਬੱਚੇ ਦਾ ਹੱਥ ਕਿਸ ਨੇ ਤੋੜਿਆ?

(ੳ) ਪਿਓ ਨੇ

(ਅ) ਮਾਸਟਰ ਨੇ

(ੲ) ਡਾਕਟਰ ਨੇ

(ਸ) ਮੁੰਡੇ ਨੇ



Downloaded from cclchapter.com

**CLASS : 10th (Secondary)** **Code No. 109**

**Series : Sec/Annual-2023**

*Roll No.* | | | | | | | | | | |

***SET : B***

# ਪੰਜਾਬੀ

## PUNJABI

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

---

- *ਕ੍ਰਿਪਾ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਾ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਾ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

---



Downloaded from cclchapter.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਸ਼ੁੱਧ ਸ਼ਬਦ ਚੁਣੋ :

(ੳ) ਅੱਦਖੜ

(ਅ) ਪੰਡਤ

(ੲ) ਮੁਖਾਤਿਵ

(ਸ) ਜਲੰਧਰ

(ii) ਕੰਨਾਂ ਉੱਪਰ .......... ਨਾ ਸਰਕਣੀ। ਮੁਹਾਵਰਾ ਪੂਰਾ ਕਰੋ।

(ੳ) ਕੀੜੀ (ਅ) ਜੂੰ

(ੲ) ਮਿੱਟੀ (ਸ) ਤੇਲ

(iii) ਸੰਗਰੀਤ ਵੱਡੀ ਸਾਰੀ ਕਿਤਾਬ ਪੜ੍ਹ ਰਹੀ ਹੈ। ਵਾਕ ਵਿਚ 'ਕਿਤਾਬ' ਸ਼ਬਦ ਹੈ :

(ੳ) ਆਮ ਨਾਂਵ

(ਅ) ਭਾਵ ਵਾਚਕ ਨਾਂਵ

(ੲ) ਖ਼ਾਸ ਨਾਂਵ

(ਸ) ਇਕੱਠ ਵਾਚਕ ਨਾਂਵ



Downloaded from cclchapter.com

(iv) ਪੜਨਾਂਵ ਕਿੰਨੇ ਤਰ੍ਹਾਂ ਦੇ ਹਨ?

(ੳ) ਪੰਜ

(ਅ) ਛੇ

(ੲ) ਤਿੰਨ

(ਸ) ਚਾਰ

**2.** (i) ਕਾਸ਼ ! ਮੈਂ ਧਨੀ ਹੁੰਦਾ। (ਸਾਧਾਰਨ ਵਾਕ ਬਣਾਓ) 1

(ii) ਉਹ ਹਮੇਸ਼ਾ ਸੱਚ ਬੋਲਦਾ ਹੈ। (ਨਾਂਹ-ਵਾਚਕ ਵਾਕ ਬਣਾਓ) 1

(iii) ਨਵਰਾਜ ਬਰੇਲੀ ਸ਼ਹਿਰ ਵਿਚ ਪੜ੍ਹਦਾ ਹੈ। ('ਨਵਰਾਜ' ਸ਼ਬਦ ਦੀ ਪਦਵੰਡ ਕਰੋ) 1

(iv) 'ਅਣ' ਅਗੇਤਰ ਤੋਂ ਇਕ ਸ਼ਬਦ ਬਣਾਓ। 1

**3.** ਬੱਚਾ ਸਕੂਲ ਜਾਂਦੇ ਹਨ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਪਰਵੇਜ ਨੇ ਰੋਹਿਤ ਨੂੰ ਕਿਹਾ ਤੂੰ ਸਾਡਾ ਆਪਣਾ ਹੈ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਲਾਲ-ਪੀਲਾ ਹੋਣਾ

(ii) ਸਦਾ ਦੀ ਨੀਂਦ ਸੌਂ ਜਾਣਾ



Downloaded from cclchapter.com

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਕਿਸੇ ਵਾਪਰੀ ਘਟਨਾ ਦਾ ਕ੍ਰਮ ਅਨੁਸਾਰ ਵੇਰਵਾ ਪੇਸ਼ ਕਰਨ ਨੂੰ ਬਿਰਤਾਂਤ ਆਖਦੇ ਹਨ। ਇਸ ਵਿਚ ਜੀਵਨੀਆਂ, ਅਭੁੱਲ ਯਾਦਾਂ, ਯਾਤਰਾਵਾਂ ਅਤੇ ਇਤਿਹਾਸ ਵਿਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਆਦਿ ਬਾਰੇ ਲੇਖ ਆਉਂਦੇ ਹਨ। ਇਹ ਚੇਤੇ ਰੱਖਣ ਦੀ ਲੋੜ ਹੈ ਕਿ ਕੋਈ ਵੀ ਲੇਖ ਮੁਕੰਮਲ ਤੌਰ ਤੇ ਨਾ ਵਰਣਨਾਤਮਕ ਹੁੰਦਾ ਹੈ ਅਤੇ ਨਾ ਬਿਰਤਾਂਤਕ। ਹਰਿਮੰਦਰ ਸਾਹਿਬ ਬਾਰੇ ਦਿੱਤਾ ਵੇਰਵਾ ਵਰਣਨਾਤਮਕ ਪਰ ਉਸ ਦੇ ਇਤਿਹਾਸ ਦਾ ਵੇਰਵਾ ਬਿਰਤਾਂਤਕ ਹੋਵੇਗਾ। ਬਿਰਤਾਂਤਕ ਲੇਖ ਵਿਚ ਵੇਰਵਾ ਸਮੇਂ ਦੇ ਪੱਖੋਂ ਹੁੰਦਾ ਹੈ।

(i) ਬਿਰਤਾਂਤ ਕੀ ਹੈ? 1

(ii) ਕੀ ਚੇਤੇ ਰੱਖਣ ਦੀ ਲੋੜ ਹੈ? 2

(iii) ਬਿਰਤਾਂਤ ਵਿਚ ਕਿਸ ਤਰ੍ਹਾਂ ਦੇ ਲੇਖ ਆਉਂਦੇ ਹਨ? 2

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ 'ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਗੋਬਿੰਦ ਸਿੰਘ ਜੀ

(ii) ਬੇਰੁਜ਼ਗਾਰੀ

(iii) ਸਾਡੇ ਮੇਲੇ

(iv) ਪਾਣੀ ਦਾ ਮਹੱਤਵ

(v) ਵਿਗਿਆਨ ਦੇ ਲਾਭ-ਹਾਨੀਆਂ

**8.** ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਤੇ ਚਰਿੱਤਰ ਸਰਟੀਫਿਕੇਟ ਲੈਣ ਲਈ ਬੇਨਤੀ-ਪੱਤਰ ਲਿਖੋ। 5

**ਜਾਂ**

ਆਪਣੇ ਸ਼ਹਿਰ ਦੀ ਨਗਰ ਪਾਲਿਕਾ ਦੇ ਪ੍ਰਧਾਨ ਨੂੰ ਆਪਣੀ ਕਾਲੋਨੀ ਦੀਆਂ ਨਾਲੀਆਂ ਦੀ ਮੁਰੰਮਤ ਤੇ ਸਫਾਈ ਕਰਵਾਉਣ ਲਈ ਬੇਨਤੀ-ਪੱਤਰ ਲਿਖੋ।



Downloaded from cclchapter.com

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਆਪਣੀ ਕਿਰਤ 'ਚੋਂ ਕੱਢ ਦਸੌਂਧ ਦਸਵਾਂ,<br>
ਲੋੜਵੰਦਾਂ ਦੇ ਲੇਖੇ ਹੈ ਲਾ ਦੇਣਾ।<br>
ਭੁੱਖਾਂ ਕੋਈ ਦੁਆਰੇ ਆ ਟੁੱਕ ਮੰਗੇ,<br>
ਭੋਜਨ ਓਸ ਤਾਈਂ ਤੁਸੀਂ ਛਕਾ ਦੇਣਾ।

**ਜਾਂ**

ਉਂਜ ਤਾਂ ਸਾਰੀ ਦੁਨੀਆਂ ਵਿਚ ਹੈ ਧਾਕ ਪੰਜਾਬੀ ਦੀ,<br>
ਲੱਚਰ ਗੀਤਾਂ ਕੀਤੀ ਮੈਲੀ ਸਾਖ਼ ਪੰਜਾਬੀ ਦੀ,<br>
ਸੋਹਣੇ ਗੀਤਾਂ ਸੰਗ ਕਰੀਏ ਸਨਮਾਨ ਪੰਜਾਬੀ ਦਾ,<br>
ਜ਼ੱਗ-ਜ਼ੱਗ ਕਹਿ ਉੱਠੇ, ਸਾਨੂੰ ਮਾਣ ਪੰਜਾਬੀ ਦਾ।

(ii) 'ਮਾਂ ਜੋ ਏਧਰ ਵੀ ਤੇ ਓਧਰ ਵੀ' ਕਵਿਤਾ ਕਿਸ ਉਦੇਸ਼ ਨੂੰ ਲੈ ਕੇ ਲਿਖੀ ਗਈ ਹੈ? 3

(iii) ਲਾਡੋ ਅਖਵਾਉਣਾ ਕਿਸ ਨੂੰ ਚੰਗਾ ਲਗਦਾ ਹੈ? 1

**10.** (i) ਹੰਕਾਰੀ ਮਨੁੱਖ ਤੋਂ ਕਿਵੇਂ ਬਚਿਆ ਜਾ ਸਕਦਾ ਹੈ? 3

(ii) ਆਸਟ੍ਰੇਲੀਆ ਵਿਚ ਲੇਖਕ ਨੂੰ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਦੀ ਯਾਦ ਆਉਂਦੀ ਹੈ? 3

(iii) ਪੰਜਾਬੀ ਭਾਸ਼ਾ ਲਈ ਵਿਕਸਿਤ ਕੋਈ ਦੋ ਸਾਫ਼ਟਵੇਅਰਾਂ ਦੇ ਨਾਮ ਲਿਖੋ। 2

(iv) ਚਾਹ ਵਿਚ ਕਿਹੜਾ ਤੱਤ ਮੌਜੂਦ ਹੁੰਦਾ ਹੈ? 1



Downloaded from cclchapter.com

**11.** (i) ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸ ਨੇ ਤੇ ਕਿਵੇਂ ਕੀਤੀ ? 3

(ii) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ ? 3

(iii) ਪੁਲਿਸ ਨੂੰ ਕੌਣ ਬੁਲਾਉਂਦਾ ਹੈ ਤੇ ਕਿਉਂ ? 2

(iv) ਮੀਨਾਕਸ਼ੀ ਕਿਸ ਕਹਾਣੀ ਦੀ ਪਾਤਰ ਹੈ ? 1

**12.** (i) ਤੋਤਾ-ਮੈਨਾ ਕਿੱਥੇ ਗਾ ਰਹੇ ਸਨ ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ ? 5

**ਜਾਂ**

ਭ੍ਰਿਸ਼ਟਾਚਾਰ ਤੇ ਰਾਜ-ਪ੍ਰਬੰਧ ਦਾ ਬਹੁਤ ਨਜਦੀਕੀ ਵਾਲਾ ਸੰਬੰਧ ਹੈ ? ਇਸ ਨੂੰ ਦੂਰ ਕਰਨ ਲਈ ਆਪਣੇ ਸੁਝਾਵਾਂ ਉਪਰ ਰੋਸ਼ਨੀ ਪਾਉ।

(ii) ਰਾਮ ਭਜਨੀ ਕੌਣ ਹੈ ? 3

(iii) ਪਾਂਧੇ ਨੂੰ ਰਾਮ ਭਜਨੀ ਕੋਲ ਕੌਣ ਲੈ ਕੇ ਆਉਂਦਾ ਹੈ ? 1

(iv) ਰਾਮ ਭਜਨੀ ਨੂੰ 'ਦੁਸ਼ਾਲਾ' ਦਾਨ ਕਰਨ ਲਈ ਕੌਣ ਆਖਦਾ ਹੈ ? 1

**13.** (i) ਨਾਨਕ ਸਿੰਘ ਜੀ ਦੇ ਮੁੱਢਲੇ ਜੀਵਨ ਬਾਰੇ ਲਿਖੋ। 3

(ii) ਧਰਮ ਬਾਰੇ ਡਾ० ਕਲਾਮ ਦੇ ਕੀ ਵਿਚਾਰ ਸਨ ? 3

(iii) ਬੀਬੀ ਭਾਨੀ ਜੀ ਕਿਹੜੇ ਗੁਣਾਂ ਦੇ ਧਾਰਨੀ ਸਨ ? 2

(iv) ਮਿਲਖਾ ਸਿੰਘ ਕਿਹੜੀ ਦੌੜ ਕਾਰਨ ਉਦਾਸ ਹੋ ਗਿਆ ? 1

**14.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਮਿਲਖਾ ਸਿੰਘ ਹੋਰੀ ਕਿੰਨੇ ਭੈਣ-ਭਰਾ ਸਨ ?

(ੳ) ਤਿੰਨ ਭੈਣਾਂ ਤੇ ਤਿੰਨ ਭਰਾ (ਅ) ਪੰਜ ਭਰਾ ਤੇ ਤਿੰਨ ਭੈਣਾਂ

(ੲ) ਇਕ ਭਰਾ ਤੇ ਦੋ ਭੈਣਾਂ (ਸ) ਤਿੰਨ ਭਰਾ ਤੇ ਚਾਰ ਭੈਣਾਂ



Downloaded from cclchapter.com

(ii) ਸਭ ਤੋਂ ਪਹਿਲਾਂ ਸੱਪ ਕਿਸ ਨੇ ਵੇਖਿਆ?

(ੳ) ਰਾਹੁਲ ਨੇ

(ਅ) ਰੋਹਿਤ ਨੇ

(ੲ) ਮੀਨਾਕਸ਼ੀ ਨੇ

(ਸ) ਰਜਨੀ ਨੇ

(iii) ਵਿਆਹ ਸਮੇਂ ਮੁੰਡੇ ਦੇ ਘਰ ਕਿਹੜੇ ਗੀਤ ਗਾਏ ਜਾਂਦੇ ਹਨ?

(ੳ) ਕਿੱਕਲੀ

(ਅ) ਸੁਹਾਗ

(ੲ) ਘੋੜੀਆਂ

(ਸ) ਕੋਰੜਾ-ਛਪਾਕੀ

(iv) 'ਗਉੜੀ ਬੈਰਾਗਣਿ ਮਃ ੩' ਸ਼ਬਦ ਦਾ ਰਚਣਹਾਰ ਕੌਣ ਹੈ?

(ੳ) ਗੁਰੂ ਨਾਨਕ ਦੇਵ ਜੀ

(ਅ) ਸ਼ਾਹ ਹੁਸੈਨ ਜੀ

(ੲ) ਬਾਬਾ ਫ਼ਰੀਦ ਜੀ

(ਸ) ਗੁਰੂ ਅਮਰ ਦਾਸ ਜੀ



Downloaded from cclchapter.com

**CLASS : 10th (Secondary)** **Code No. 109**

**Series : Sec/Annual-2023**

*Roll No.* | | | | | | | | | | |

***SET : C***

# ਪੰਜਾਬੀ

## PUNJABI

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੈਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



Downloaded from cclchapter.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਸ਼ੁੱਧ ਸ਼ਬਦ ਚੁਣੋ :

(ੳ) ਟੁੰਬਦੀ

(ਅ) ਕਹਾਨੀਕਾਰ

(ੲ) ਲਾਹੌਰ

(ਸ) ਮਿਹਨਤ

(ii) ਜਿਉਂ-ਜਿਉਂ ਭਿੱਜੇ ਕੰਬਲੀ, ਤਿਉਂ-ਤਿਉਂ ......... ਹੋਏ। ਅਖਾਣ ਪੂਰੀ ਕਰੋ।

(ੳ) ਭਾਰੀ (ਅ) ਗਿਲੀ

(ੲ) ਠੰਡੀ (ਸ) ਖਰਾਬ

(iii) ਹਰਮਨ ਸ਼ਹਿਰ ਮੇਲਾ ਦੇਖਣ ਗਿਆ। ਵਾਕ ਵਿਚ 'ਹਰਮਨ' ਸ਼ਬਦ ਹੈ :

(ੳ) ਆਮ ਨਾਂਵ

(ਅ) ਖਾਸ ਨਾਂਵ

(ੲ) ਭਾਵ ਵਾਚਕ ਨਾਂਵ

(ਸ) ਪਦਾਰਥ ਵਾਚਕ ਨਾਂਵ



Downloaded from cclchapter.com

(iv) ਨੀਲਮ ਨੇ ਸੇਬ ਚੀਰਿਆ। ਵਾਕ ਵਿਚੋਂ ਕਰਤਾ ਕਾਰਕ ਚੁਣੋ :

(ੳ) ਨੀਲਮ

(ਅ) ਨੇ

(ੲ) ਸੇਬ

(ਸ) ਚੀਰਿਆ

**2.** (i) ਤੁਹਾਡਾ ਕੀ ਨਾਂ ਹੈ? (ਸਾਧਾਰਨ ਵਾਕ ਬਣਾਓ) 1

(ii) ਉਹ ਬੜਾ ਬੇਈਮਾਨ ਹੈ। (ਨਾਂਹ-ਵਾਚਕ ਵਾਕ ਬਣਾਓ) 1

(iii) ਧੋਬੀ ਕੱਪੜੇ ਧੋ ਰਿਹਾ ਹੈ। ('ਧੋਬੀ' ਸ਼ਬਦ ਦੀ ਪਦਵੰਡ ਕਰੋ) 1

(iv) 'ਸਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

**3.** ਮਾਂ ਤੇ ਬੱਚੇ ਜਾ ਰਿਹਾ ਹੈ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਮਿਲਖਾ ਸਿੰਘ ਨੇ ਕਿਹਾ ਕਾਸ਼ ਮੈਂ ਚਾਰ ਸੋ ਮੀਟਰ ਨਾ ਦੌੜਦਾ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਮੂੰਹ ਦੀ ਖਾਣੀ

(ii) ਨੱਕ ਨਾਲ ਲਕੀਰਾਂ ਕੱਢਣੀਆਂ



Downloaded from cclchapter.com

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਲੰਡਨ ਬੜਾ ਵੱਡਾ ਸ਼ਹਿਰ ਹੈ। ਪਰ ਏਥੇ ਜੇ ਤੁਹਾਡਾ ਕੋਈ ਦੋਸਤ ਨਾ ਹੋਵੇ ਤਾਂ ਤੁਸੀਂ ਬਹੁਤ ਇਕੱਲੇ ਤੇ ਉਦਾਸੀ ਮਹਿਸੂਸ ਕਰ ਸਕਦੇ ਹੋ। ਅੰਗਰੇਜ਼ ਲੋਕ ਤਬੀਅਤ ਦੇ ਠੰਡੇ ਹਨ ਤੇ ਮਿਲਣਸਾਰ ਨਹੀਂ। ਗੁਆਂਢੀ-ਗੁਆਂਢੀ ਨੂੰ ਨਹੀਂ ਜਾਣਦਾ ਅਤੇ ਬਗੈਰ ਸੱਦੇ ਕੋਈ ਕਿਸੇ ਦੇ ਘਰ ਨਹੀਂ ਜਾਂਦਾ। ਬੱਸਾਂ, ਗੱਡੀਆਂ ਵਿਚ ਦੇਖੋ ਇਕ ਅੰਗਰੇਜ਼ ਦੂਸਰੇ ਅੰਗਰੇਜ਼ ਨਾਲ ਗੱਲ ਨਹੀਂ ਕਰਦਾ ਅਤੇ ਹਰ ਇਕ ਦੇ ਮੂੰਹ ਅੱਗੇ ਅਖ਼ਬਾਰ ਹੁੰਦੀ ਹੈ। ਸਾਡੇ ਪੰਜਾਬੀਆਂ ਦੀ ਇਕ ਦੂਸਰੇ ਨਾਲ ਗੱਲ ਕਰਨ ਦੀ ਆਦਤ ਹੈ ਤੇ ਸਾਨੂੰ ਇਕ ਦੋ ਦਿਨ ਗੱਪਾਂ ਮਾਰਨ ਦਾ ਮੌਕਾ ਨਾ ਮਿਲੇ ਤਾਂ ਅਸੀਂ ਉਦਾਸ ਹੋ ਜਾਂਦੇ ਹਾਂ। ਦੂਸਰੇ ਇੱਥੇ ਦੀ ਆਬੋ-ਹਵਾ ਵੀ ਖਰਾਬ ਹੈ। ਕਈ ਮਹੀਨੇ ਤਾਂ ਅਸਮਾਨ ਭੂਰੇ ਜਿਹੇ ਬੱਦਲਾਂ ਨਾਲ ਢੱਕਿਆ ਰਹਿੰਦਾ ਹੈ।

(i) ਲੰਡਨ ਦੀ ਆਬੋ-ਹਵਾ ਕਿਹੋ ਜਿਹੀ ਹੈ? 1

(ii) ਪੰਜਾਬੀ ਕਦੋਂ ਉਦਾਸ ਹੋ ਜਾਂਦੇ ਹਨ? 2

(iii) ਅੰਗਰੇਜ਼ ਲੋਕ ਤਬੀਅਤ ਦੇ ਕਿਹੋ ਜਿਹੇ ਹਨ? 2

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ 'ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਤੇਗ ਬਹਾਦਰ ਜੀ

(ii) ਦੀਵਾਲੀ ਦਾ ਤਿਉਹਾਰ

(iii) ਟੈਬਲੇਟ ਦੇ ਲਾਭ ਤੇ ਹਾਨੀਆਂ

(iv) ਕੰਨਿਆ ਭਰੂਣ ਹੱਤਿਆ

(v) ਬੇਰੁਜ਼ਗਾਰੀ

**8.** ਸ਼ਹਿਰ ਵਿਚ ਵਧ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਪੁਲਿਸ ਕਮਿਸ਼ਨਰ ਨੂੰ ਬੇਨਤੀ ਪੱਤਰ ਲਿਖੋ। 5

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਪਣਾ ਸੈਕਸ਼ਨ ਬਦਲਣ ਲਈ ਬਿਨੈ-ਪੱਤਰ ਲਿਖੋ।



Downloaded from cclchapter.com

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਆਪਣੇ ਸਿਰ ਤੇ ਛੱਤ ਨਹੀਂ, ਹੋਰਾਂ ਨੂੰ ਦੇਣ ਸਹਾਰਾ।
ਬੇ-ਘਰ ਲੋਕੀਂ ਰੁੱਖਾਂ ਥੱਲੇ, ਸੌਂ ਕੇ ਕਰਨ ਗੁਜਾਰਾ।
ਪਾਏ ਆਲ੍ਹਣੇ ਰੁੱਖਾਂ ਉੱਤੇ, ਘੁੱਗੀਆਂ, ਚਿੜੀਆਂ, ਕਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

**ਜਾਂ**

ਚਲੋ ਆਓ ! ਕੰਡਿਆਲੀ ਤਾਰ ਨੂੰ ਉਖਾੜੀਏ
ਧਰਤੀ ਮਾਂ ਦੀ ਹਿੱਕ 'ਤੇ ਕੰਡਿਆਲੀਆਂ ਤਾਰਾਂ ਗੱਡੀਆਂ ਨੇ ਕਮਲਿਓ !

ਆਓ ! ਸਰਹੱਦ ਦੀ ਤਾਰ ਥਾਂਵੇ ਫੁੱਲ ਬੀਜੀਏ
ਫੁੱਲ ਜੋ ਮੁਹੱਬਤ ਦਾ ਸਿਰਨਾਵਾਂ ਨੇ

(ii) ਗੁਰਮੁਖਿ ਅਤੇ ਮਨਮੁਖਿ ਕਿਨ੍ਹਾਂ ਨੂੰ ਕਿਹਾ ਜਾਂਦਾ ਹੈ? 3

(iii) ਕਿਸ ਦੀ ਮਿਜ਼ਮਾਨੀ ਦੀ ਗੱਲ ਕੀਤੀ ਗਈ ਹੈ? 1

**10.** (i) ਰੁੰਡ-ਮੁੰਡ ਰੁੱਖ ਨੂੰ ਦੇਖ ਕੇ ਲੇਖਕ ਦੇ ਮਨ ਵਿਚ ਕਿਸ ਤਰ੍ਹਾਂ ਦੇ ਵਿਚਾਰ ਪੈਦਾ ਹੋਏ? 3

(ii) ਪੰਜਾਬੀ ਭਾਸ਼ਾ ਲਈ ਵਿਕਸਿਤ ਕਿਸੇ ਛੇ ਸਾਫ਼ਟਵੇਅਰਾਂ ਦੇ ਨਾਂ ਲਿਖੋ। 3

(iii) ਲੋਕ-ਗੀਤਾਂ ਦੇ ਰੂਪ ਕਿਹੜੇ-ਕਿਹੜੇ ਹਨ? 2

(iv) 'ਹੈਂਕੜ ਅਤੇ ਹਉਮੈ ਦੀ ਮਾਰ' ਲੇਖ ਵਿਚ ਬੱਚੇ ਦਾ ਹੱਥ ਕਿਸ ਨੇ ਤੋੜਿਆ? 1



Downloaded from cclchapter.com

**11.** (i) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ? 3

(ii) ਈਅਰਫੋਨ ਕਹਾਣੀ ਵਿਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ? ਇਸ ਬਾਰੇ ਵਿਸਤਾਰ ਸਹਿਤ ਦੱਸੋ। 3

(iii) ਅਰਚਨਾ ਅਤੇ ਵੰਦਨਾ ਮਿਲ ਕੇ ਕਿਹੋ-ਜਿਹੀਆਂ ਗੱਲਾਂ ਕਰਦੀਆਂ ਸਨ? 2

(iv) ਰੋਹਿਤ ਦੇ ਦਾਦੇ ਦਾ ਨਾਮ ਲਿਖੋ। 1

**12.** (i) 'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਕਰੋ। 5

**ਜਾਂ**

ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ।

(ii) ਕੋਤਵਾਲ ਆਦਮੀ ਨੂੰ ਕਿਉਂ ਮਾਰਦਾ ਹੈ ਤੇ ਰਾਜਾ ਕੋਤਵਾਲ ਸਾਹਮਣੇ ਆਪਣੇ ਆਪ ਨੂੰ ਕੀ ਦਸਦਾ ਹੈ? 3

(iii) ਗਿਰਝ ਕਿਸ ਦੇ ਸਾਥੀ ਨੂੰ ਖਾ ਗਈ? 1

(iv) 'ਰਾਜਿਆ ਰਾਜ ਕਰੇਂਦਿਆ' ਇਕਾਂਗੀ ਕਿਸ ਦੀ ਰਚਨਾ ਹੈ? 1

**13.** (i) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਬਾਰੇ ਲਿਖੋ। 3

(ii) ਮਿਲਖਾ ਸਿੰਘ ਨੂੰ ਫਲਾਇੰਗ ਸਿੱਖ ਦਾ ਖਿਤਾਬ ਕਿਵੇਂ ਅਤੇ ਕਿੱਥੇ ਮਿਲਿਆ? 3

(iii) ਡਾ੦ ਅਬਦੁਲ ਕਲਾਮ ਦੀ ਰਹਿਣੀ-ਬਹਿਣੀ ਕਿਹੋ ਜਿਹੀ ਸੀ? 2

(iv) ਨਾਨਕ ਸਿੰਘ ਦਾ ਬਚਪਨ ਦਾ ਨਾਮ ਕੀ ਸੀ? 1

**14.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਨਾਨਕ ਸਿੰਘ ਨੇ ਕੁੱਲ ਕਿੰਨੇ ਨਾਵਲ ਲਿਖੇ :

(ੳ) 36 (ਅ) 20

(ੲ) 45 (ਸ) 04



Downloaded from cclchapter.com

(ii) ਰੋਹਿਤ ਨੂੰ ਕਿਨੂੰ ਕਿਸ ਨੇ ਲੈ ਕੇ ਦਿੱਤੇ ?

(ੳ) ਦਾਦੇ ਨੇ

(ਅ) ਪਰਵੇਜ ਨੇ

(ੲ) ਬੁੱਢੀ ਅੰਮਾ ਨੇ

(ਸ) ਤਾਂਗੇ ਵਾਲੇ ਨੇ

(iii) ਪੰਜਾਬੀਆਂ ਨੇ ਭੰਡਾਰੇ ਕਿਸ ਨਾਲ ਭਰ ਦਿੱਤੇ ?

(ੳ) ਮੱਕੀ ਨਾਲ

(ਅ) ਬਾਜਰੇ ਨਾਲ

(ੲ) ਕਣਕ ਨਾਲ

(ਸ) ਦਾਲ ਨਾਲ

(iv) 'ਮਾਂ ਜੋ ਏਧਰ ਵੀ ਤੇ ਓਧਰ ਵੀ' ਕਵਿਤਾ ਵਿਚ ਮਾਂ ਕਿਸ ਨੂੰ ਕਿਹਾ ਗਿਆ ਹੈ ?

(ੳ) ਮਾਸੀ ਨੂੰ

(ਅ) ਧਰਤੀ ਨੂੰ

(ੲ) ਨਿਸ਼ਾ ਨੂੰ

(ਸ) ਅੰਮਾ ਨੂੰ



Downloaded from cclchapter.com

**CLASS : 10th (Secondary)** **Code No. 109**

**Series : Sec/Annual-2023**

*Roll No.* | | | | | | | | | | |

***SET : D***

# ਪੰਜਾਬੀ

**PUNJABI**

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ* ***7*** *ਅਤੇ ਪ੍ਰਸ਼ਨ* ***14*** *ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ* ***ਕੋਡ ਨੰ.*** *ਅਤੇ* ***ਸੇਟ*** *ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ।* ***ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



Downloaded from cclchapter.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਸ਼ੁੱਧ ਸ਼ਬਦ ਚੁਣੋ :

(ੳ) ਕਹਿੜਾ

(ਅ) ਕਿਹੜਾ

(ੲ) ਕੇਹੜਾ

(ਸ) ਕੇੜਹਾ

(ii) ਉੱਚੀ ਦੁਕਾਨ .......... ਪਕਵਾਨ। ਅਖਾਣ ਪੂਰੀ ਕਰੋ :

(ੳ) ਮਿੱਠਾ (ਅ) ਵਧੀਆ

(ੲ) ਖੱਟਾ (ਸ) ਫਿੱਕਾ

(iii) ਗੁਰਮੀਤ ਸਬਜੀ ਨਾਲ ਰੋਟੀ ਖਾ ਰਿਹਾ ਹੈ। ਵਾਕ ਵਿਚ ਸਬਜੀ ਸ਼ਬਦ ਹੈ :

(ੳ) ਵਸਤੂ ਵਾਚਕ ਨਾਂਵ

(ਅ) ਖਾਸ ਨਾਂਵ

(ੲ) ਆਮ ਨਾਂਵ

(ਸ) ਭਾਵ ਵਾਚਕ



Downloaded from cclchapter.com

(iv) ਨੀਰਜ ਪਤੰਗ ਉਡਾਉਂਦਾ ਹੈ। ਵਾਕ ਵਿਚੋਂ ਕਰਮ ਕਾਰਕ ਚੁਣੋ :

(ੳ) ਨੀਰਜ

(ਅ) ਪਤੰਗ

(ੲ) ਉਡਾਉਂਦਾ

(ਸ) ਹੈ

**2.** (i) ਆਪਣਾ ਕਾਰੋਬਾਰ ਦੱਸੋ। (ਪ੍ਰਸ਼ਨਵਾਚਕ ਵਾਕ ਬਣਾਓ) 1

(ii) ਉਹ ਹਮੇਸ਼ਾ ਸੱਚ ਬੋਲਦਾ ਹੈ। (ਨਾਂਹ-ਵਾਚਕ ਵਾਕ ਬਣਾਓ) 1

(iii) ਉਹ ਤੇਜ਼ ਦੌੜਦਾ ਹੈ। (ਉਹ ਸ਼ਬਦ ਦੀ ਪਦਵੰਡ ਕਰੋ) 1

(iv) 'ਦਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

**3.** ਮੀਨਾ ਨੇ ਸੇਬ ਨੂੰ ਚੀਰੇ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਮੀਨਾਕਸ਼ੀ ਨੇ ਦੱਸਿਆ ਮੈਂ ਐੱਮ ਏ ਕਰ ਲਈ ਹੈ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਉਂਗਲ ਕਰਨੀ

(ii) ਹੱਥ' ਤੇ ਹੱਥ ਧਰ ਕੇ ਬਹਿਣਾ



Downloaded from cclchapter.com

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਕਿਸੇ ਵਾਪਰੀ ਘਟਨਾ ਦਾ ਕ੍ਰਮ ਅਨੁਸਾਰ ਵੇਰਵਾ ਪੇਸ ਕਰਨ ਨੂੰ ਬਿਰਤਾਂਤ ਆਖਦੇ ਹਨ। ਇਸ ਵਿਚ ਜੀਵਨੀਆਂ, ਅਭੁੱਲ ਯਾਦਾਂ, ਯਾਤਰਾਵਾਂ ਅਤੇ ਇਤਿਹਾਸ ਵਿਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਆਦਿ ਬਾਰੇ ਲੇਖ ਆਉਂਦੇ ਹਨ। ਇਹ ਚੇਤੇ ਰੱਖਣ ਦੀ ਲੋੜ ਹੈ ਕਿ ਕੋਈ ਵੀ ਲੇਖ ਮੁਕੰਮਲ ਤੌਰ ਤੇ ਨਾ ਵਰਣਨਾਤਮਕ ਹੁੰਦਾ ਹੈ ਅਤੇ ਨਾ ਬਿਰਤਾਂਤਕ। ਹਰਿਮੰਦਰ ਸਾਹਿਬ ਬਾਰੇ ਦਿੱਤਾ ਵੇਰਵਾ ਵਰਣਨਾਤਮਕ ਪਰ ਉਸ ਦੇ ਇਤਿਹਾਸ ਦਾ ਵੇਰਵਾ ਬਿਰਤਾਂਤਕ ਹੋਵੇਗਾ। ਬਿਰਤਾਂਤਕ ਲੇਖ ਵਿਚ ਵੇਰਵਾ ਸਮੇਂ ਦੇ ਪੱਖੋਂ ਹੁੰਦਾ ਹੈ।

(i) ਬਿਰਤਾਂਤ ਕੀ ਹੈ? 1

(ii) ਕੀ ਚੇਤੇ ਰੱਖਣ ਦੀ ਲੋੜ ਹੈ? 2

(iii) ਬਿਰਤਾਂਤ ਵਿਚ ਕਿਸ ਤਰ੍ਹਾਂ ਦੇ ਲੇਖ ਆਉਂਦੇ ਹਨ? 2

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ 'ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਗੋਬਿੰਦ ਸਿੰਘ ਜੀ

(ii) ਬੇਰੁਜ਼ਗਾਰੀ

(iii) ਸਾਡੇ ਮੇਲੇ

(iv) ਮੇਰਾ ਹਰਿਆਣਾ

(v) ਪ੍ਰਦੂਸ਼ਣ

**8.** ਆਪਣੇ ਇਲਾਕੇ ਦੇ ਡਾਕੀਏ ਦੀ ਲਾਪਰਵਾਹੀ ਵਿਰੁੱਧ ਪੋਸਟ ਮਾਸਟਰ ਨੂੰ ਸ਼ਿਕਾਇਤ ਕਰੋ। 5

**ਜਾਂ**

ਸ਼ਹਿਰ ਵਿਚ ਵੱਧ ਰਹੀ ਨਸ਼ਾਖੋਰੀ ਨੂੰ ਰੋਕਣ ਲਈ ਪੁਲਿਸ ਕਮਿਸ਼ਨਰ ਨੂੰ ਬੇਨਤੀ-ਪੱਤਰ ਲਿਖੋ।



Downloaded from cclchapter.com

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ।।
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ।।
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ।।
ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ।।

**ਜਾਂ**

ਨਾ ਕੋਈ ਖੇਡ ਖਿਡੌਣਾ ਮੰਗਾਂ, ਪਾਲਣੇ ਵਿਚ ਨਾ ਸੌਣਾ ਮੰਗਾਂ।
ਇਕੋ ਮੰਗ ਮੇਰੀ ਪੂਰੀ ਕਰਦੇ, ਮਿੰਨਤਾਂ ਕਰ ਕਰ ਹਾਰੀ ਮਾਂ।
ਨਹੀਂ ਮੰਗਦੀ ਮੈਂ ਲੋਰੀ ਤੈਥੋਂ, ਜਨਮ ਤਾਂ ਦੇ ਇਕ ਵਾਰੀ ਮਾਂ।

(ii) 'ਮਾਂ ਜੋ ਏਧਰ ਵੀ ਤੇ ਓਧਰ ਵੀ' ਕਵਿਤਾ ਕਿਸ ਉਦੇਸ਼ ਨੂੰ ਲੈ ਕੇ ਲਿਖੀ ਗਈ ਹੈ? 3

(iii) ਪੰਜਾਬੀ ਦੀ ਦੁਨੀਆਂ ਵਿਚ ਸਾਖ ਕਿਉਂ ਮੈਲੀ ਹੋ ਰਹੀ ਹੈ? 1

**10.** (i) ਸੈਰ ਕਰਨ ਦੇ ਕੀ ਲਾਭ ਹਨ? 3

(ii) ਹੰਕਾਰੀ ਮਨੁੱਖ ਤੋਂ ਕਿਵੇਂ ਬੱਚਿਆ ਜਾ ਸਕਦਾ ਹੈ? 3

(iii) ਲੋਕ ਜਮੀਨਾਂ ਵੇਚ ਕੇ ਕੀ ਖਰੀਦ ਰਹੇ ਹਨ? 2

(iv) ਕਾਫ਼ਲਾ ਕਿਹੜੇ ਰੰਗ ਦੇ ਪੱਥਰਾਂ ਵਿਚਕਾਰੋਂ ਲੰਘਿਆ? 1



Downloaded from cclchapter.com

**11.** (i) ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸ ਨੇ ਤੇ ਕਿਵੇਂ ਕੀਤੀ? 3

(ii) ਰਜਨੀ ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਲਿਖੋ। 3

(iii) ਵੰਦਨਾ ਪੌਦਿਆਂ ਨੂੰ ਪਾਣੀ ਦੇਣ ਲਈ ਕਿਉਂ ਰਾਜੀ ਹੋ ਗਈ? 2

(iv) ਮੰਮੀ ਪਾਪਾ ਮੀਨਾਕਸ਼ੀ ਨੂੰ ਕਿਸ ਗੱਲ ਤੋਂ ਰੋਕਦੇ ਸਨ? 1

**12.** (i) 'ਤੋਤਾ-ਮੈਨਾ' ਕਿੱਥੇ ਗਾ ਰਹੇ ਸਨ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ? 5

**ਜਾਂ**

ਭ੍ਰਿਸ਼ਟਾਚਾਰ ਤੇ ਰਾਜ-ਪ੍ਰਬੰਧ ਦਾ ਬਹੁਤ ਨਜਦੀਕੀ ਵਾਲਾ ਸੰਬੰਧ ਹੈ? ਇਸ ਨੂੰ ਦੂਰ ਕਰਨ ਲਈ ਆਪਣੇ ਸੁਝਾਵਾਂ ਉੱਪਰ ਰੋਸ਼ਨੀ ਪਾਓ।

(ii) ਰਾਮ ਭਜਨੀ ਕੌਣ ਹੈ? 3

(iii) ਪਾਂਧੇ ਨੂੰ ਰਾਮ ਭਜਨੀ ਕੋਲ ਕੌਣ ਲੈ ਕੇ ਆਉਂਦਾ ਹੈ? 1

(iv) ਰਾਮ ਭਜਨੀ ਨੂੰ 'ਦੁਸ਼ਾਲਾ' ਦਾਨ ਕਰਨ ਲਈ ਕੌਣ ਆਖਦਾ ਹੈ? 1

**13.** (i) ਤੁਹਾਨੂੰ ਬੀਬੀ ਭਾਨੀ ਜੀ ਦੀਆਂ ਕਿਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ਹੈ? ਵਿਸਥਾਰ ਸਹਿਤ ਲਿਖੋ। 3

(ii) ਡਾ੦ ਕਲਾਮ ਜੀ ਨੂੰ ਭਾਰਤ ਦੇ ਕਿਹੜੇ ਵੱਡੇ-ਵੱਡੇ ਸਨਮਾਨ ਪ੍ਰਾਪਤ ਹੋਏ? 3

(iii) ਨਾਨਕ ਸਿੰਘ ਦੇ ਕਿਹੜੇ ਨਾਵਲ ਦੀ ਕਹਾਣੀ ਉੱਪਰ ਹਿੰਦੀ ਫਿਲਮ ਬਣੀ? ਇਸ ਫਿਲਮ ਨੂੰ ਕਿਸ ਨੇ ਬਣਾਇਆ? 2

(iv) ਮਿਲਖਾ ਸਿੰਘ ਕਿਹੜੀ ਦੌੜ ਹਾਰਨ ਕਾਰਨ ਉਦਾਸ ਹੋ ਗਿਆ? 1

**14.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਮਿਲਖਾ ਸਿੰਘ ਕਦੋਂ ਫ਼ੌਜ ਵਿਚ ਭਰਤੀ ਹੋਇਆ?

(ੳ) 1947 (ਅ) 1952

(ੲ) 1970 (ਸ) 1961



Downloaded from cclchapter.com

(ii) ਮੀਨਾਕਸ਼ੀ ਦੀ ਮਾਂ ਦਾ ਨਾਮ ਚੁਣੋ :

(ੳ) ਨਿਸ਼ਾ

(ਅ) ਅਰਚਨਾ

(ੲ) ਵੰਦਨਾ

(ਸ) ਰਜਨੀ

(iii) ਕੰਗਾਰੂ ਕਿਸ ਦੇਸ਼ ਦਾ ਕੌਮੀ ਜਾਨਵਰ ਹੈ?

(ੳ) ਭਾਰਤ

(ਅ) ਨੇਪਾਲ

(ੲ) ਚੀਨ

(ਸ) ਆਸਟ੍ਰੇਲੀਆ

(iv) 'ਗੁੰਮ ਨੇ ਰਸੋਈ ਵਿਚੋਂ .......' ਕਵਿਤਾ ਦਾ ਕਵੀ ਚੁਣੋ :

(ੳ) ਕਸ਼ਮੀਰ ਨੀਰ

(ਅ) ਪਵਨ ਹਰਚੰਦਪੁਰੀ

(ੲ) ਕੁਲਵੰਤ ਸਿੰਘ ਰਫ਼ੀਕ

(ਸ) ਸ਼ਾਹ ਹੁਸੈਨ



Downloaded from cclchapter.com